# ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਤਪਾ।

ਨੰ./ਸ.ਰ.ਤਪਾ/ਆਰ.ਕੇ.1/245 ਮਿਤੀ- 12/07/2024

ਸੇਵਾ ਵਿਖੇ -

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ:- ਦੀ ਢਿੱਲਵਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ. ਢਿੱਲਵਾਂ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਭਰਤੀ ਸਬੰਧੀ ਇਸ਼ਤਿਹਾਰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਦੀ ਢਿੱਲਵਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ. ਢਿੱਲਵਾਂ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਭਰਤੀ ਸਬੰਧੀ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ ਰਸਸ/ਰਿਣ-2 ਸੀ.ਈ.ਏ-3-167 ਮਿਤੀ 21.06.2024 ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਮਿਤੀ 12.07.2024 ਨੂੰ ਪੰਜਾਬੀ ਦੇ ਅਖਬਾਰ ਜਗਬਾਣੀ ਅਤੇ ਪੰਜਾਬੀ ਟ੍ਰਿਬਿਊਨ ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਨਿਯੁਕਤੀ ਸਬੰਧੀ ਇਸ਼ਤਿਹਾਰ ਜਾਰੀ ਕੀਤਾ ਗਿਆ ਹੈ। ਇਨ੍ਹਾਂ ਇਸ਼ਤਿਹਾਰਾਂ ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਇਸ਼ਤਿਹਾਰਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ:- ਇਸ਼ਤਿਹਾਰਾਂ ਦੀ ਕਾਪੀ।

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਤਪਾ।

ਵੱਧ ਸੀ. ਆਰ. ਐੱਮ. ਮਸ਼ੀਨਾਂ ਮੁਹੱਈਆ

## ਦੀ ਢਿੱਲਵਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮਿ: ਢਿੱਲਵਾ

ਦੀ ਢਿੱਲਵਾ ਬਹੁਮੰਤਵੀ ਸਹਿਕਾਰੀ ਸਭਾ ਲਿਮਿ: ਢਿੱਲਵਾ ਵੱਲੋਂ ਸਭਾ ਵਿੱਚ ਆਰਜੀ ਤੌਰ ਤੇ ਡੀ ਸੀ. ਰੇਟ ਉੱਤੇ ਸੇਵਾਦਾਰ ਕਮ ਚੌਕੀਦਾਰ ਭਰਤੀ ਕਰਨ ਸਬੰਧੀ ਬੇਨਤੀ ਪੱਤਰਾ ਦੀ ਮੰਗ ਕੀਤੀ ਜਾਂਦੀ ਹੈ। ਪ੍ਰਾਰਥੀ ਦੀ ਯੋਗਤਾ ਅਤੇ ਹੋਰ ਮਾਪਦੰਡ ਨਿਮਨਲਿਖਤ ਅਨੁਸਾਰ ਹਨ।

1) **ਯੋਗਤਾਵਾਂ ਅਤੇ ਮਾਪਦੰਡ**- (ੳ) ਉਮੀਦਵਾਰ ਭਾਰਤ ਦਾ ਨਾਗਰਿਕ ਹੋਣ ਚਾਹੀਦਾ ਹੈ। (ਅ) ਉਮੀਦਵਾਰ ਦੀ ਉਮਰ 18 ਤੋਂ 37 ਤੱਕ ਹੋਵੇਗੀ। (ੳ) ਬੀ ਸੀ ਉਮੀਦਵਾਰ ਨੂੰ 3 ਸਾਲ ਤੱਕ ਦੀ ਉਮਰ ਦੀ ਛੋਟ ਹੋਵੇਗੀ। (ਅ) ਐਸ ਸੀ ਉਮੀਦਵਾਰ ਨੂੰ 5 ਸਾਲ ਤੱਕ ਦੀ ਉਮਰ ਦੀ ਛੋਟ ਹੋਵੇਗੀ। ਪੰਜਾਬ ਸਰਕਾਰ ਦੀਆ ਹਦਾਇਤਾ ਅਨੁਸਾਰ (ੲ) ਉਮੀਦਵਾਰ ਪੇਂਡੂ ਪਿਛੋਕੜ ਦਾ ਹੋਣਾ ਚਾਹਿਦਾ ਹੈ। (ਸ) ਉਮੀਦਵਾਰ ਸਭਾ ਦੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ। (ਹ) ਉਮੀਦਵਾਰ ਪੰਜਾਬੀ ਬੋਲਣ, ਲਿਖਣਾ ਅਤੇ ਪੜ੍ਹਨਾ ਜਾਣਦਾ ਹੋਵੇ। 2) **ਮਿਹਨਤਾਨਾ** ਮੁਢਲੀ ਨਿਯੁਕਤੀ ਆਰਜੀ ਤੌਰ ਤੇ ਡੀ ਸੀ. ਰੇਟ ਉੱਤੇ ਹੋਵੇਗੀ। 3) **ਜਿੰਮੇਵਾਰੀ** ਪ੍ਰਾਰਥੀ ਵੱਲੋਂ ਮੁਢਲੀ ਖੇਤੀਬਾੜੀ ਸਹਿਕਾਰੀ ਸਭਾਂ ਦੇ ਹਰ ਤਰਾ ਦੇ ਕੰਮਕਾਜ ਨੂੰ ਦੇਖਣ ਦੀ ਜਿੰਮੇਵਾਰੀ ਹੋਵੇਗੀ। ਬਾਕੀ ਸ਼ਰਤਾ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਵੱਲੋਂ ਸਮੇਂ ਸਮੇਂ ਸਿਰ ਹੋਣ ਵਾਲੀ ਸੋਧ ਅਨੁਸਾਰ ਹੋਣਗੀਆ। ਉਪਰੋਕਤ ਯੋਗਤਾਵਾਂ ਪੂਰੀਆ ਕਰਨ ਵਾਲੇ ਪ੍ਰਾਰਥੀ ਰਜਿਸਟਰਡ ਪੋਸਟ/ ਦਸਤੀ ਰਾਹੀ ਆਪਣਾ ਪ੍ਰਾਰਥਣਾ ਪੱਤਰ ਜਿਸ ਵਿੱਚ ਪ੍ਰਾਰਥੀ ਦਾ ਨਾਮ, ਪਿਤਾ ਦਾ ਨਾਮ ਜਨਮ ਮਿਤੀ ਪਾਸਪੋਰਟ ਸਾਈਜ਼ ਤਸਦੀਕਸ਼ੁਦਾ ਫੋਟੋ, ਮੋਬਾਇਲ ਨੰਬਰ ਈਮੇਲ ਆਈ ਡੀ ਪੱਕਾ ਪਤਾ ਲਿੰਗ ਵਿਦਿਅਕ ਯੋਗਤਾ ਤਜਰਬਾ ਜੇਕਰ ਕੋਈ ਹੈ ਸਮੇਤ ਵਿਦਿਅਕ ਯੋਗਤਾ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਪੱਕੇ ਪਤੇ ਦਾ ਸਬੂਤ ਅਤੇ ਅਧਾਰ ਕਾਰਡ ਦੀ ਕਾਪੀ ਪ੍ਰਾਰਥਣਾ ਪੱਤਰ ਨਾਲ ਲਗਾ ਸਭਾ ਦੇ ਦਫਤਰ ਮਿਤੀ 29/07/2024 ਨੂੰ 5.00 ਵਜੇ ਤੱਕ ਭੇਜ ਸਕਦੇ ਹਨ। ਪ੍ਰਾਪਤ ਹੋਈਆ ਅਰਜੀਆ ਉਪਰ ਮਿਤੀ 02/08/2024 ਨੂੰ ਸਵੇਰੇ 10:00 ਵਜੇ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਉਮੀਦਵਾਰ ਆਪਣੇ ਅਸਲ ਦਸਤਾਵੇਜ਼ ਸਮੇਤ 2 ਤਦਸੀਕਸ਼ੁਦਾ ਕਾਪੀਆ ਨਾਲ ਲੈ ਕੇ ਪਹੁੰਚਣ।

ਨੋਟ. ਭਰਤੀ ਸਬੰਧੀ ਸਬ ਕਮੇਟੀ /ਸਲੈਕਸ਼ਨ ਕਮੇਟੀ ਨੂੰ ਸੋਧਿਆ ਯੋਗਤਾਵਾ ਅਤੇ ਮਾਪਦੰਡ ਲਾਗੂ ਕਰਨ ਦਾ ਅਧਿਕਾਰ ਹੋਵੇਗਾ ਸਬ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। 01679-223205

ਪ੍ਰਧਾਨ

# ਦੀ ਝਿੱਲੜਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮਿ: ਝਿੱਲੜਾ

ਦੀ ਝਿੱਲੜਾ ਬਹੁਮੰਤਵੀ ਸਹਿਕਾਰੀ ਸਭਾ ਲਿਮਿ. ਝਿੱਲੜਾ ਵੱਲੋਂ ਸਭਾ ਵਿੱਚ ਆਰਜ਼ੀ ਤੌਰ ਤੇ ਡੀ.ਸੀ. ਰੇਟ ਉੱਤੇ ਸੇਵਾਦਾਰ ਕਮ ਚੌਕੀਦਾਰ ਭਰਤੀ ਕਰਨ ਸਬੰਧੀ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਪ੍ਰਾਰਥੀ ਦੀ ਯੋਗਤਾ ਅਤੇ ਹੋਰ ਮਾਪਦੰਡ ਨਿਮਨਲਿਖਤ ਅਨੁਸਾਰ ਹਨ।

1) **ਯੋਗਤਾਵਾਂ ਅਤੇ ਮਾਪਦੰਡ**- (ੳ) ਉਮੀਦਵਾਰ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ। (ਅ) ਉਮੀਦਵਾਰ ਦੀ ਉਮਰ 18 ਤੋਂ 37 ਤੱਕ ਹੋਵੇਗੀ। (ੳ) ਬੀ ਸੀ ਉਮੀਦਵਾਰ ਨੂੰ 3 ਸਾਲ ਤੱਕ ਦੀ ਉਮਰ ਦੀ ਛੋਟ ਹੋਵੇਗੀ। (ਅ) ਐਸ ਸੀ ਉਮੀਦਵਾਰ ਨੂੰ 5 ਸਾਲ ਤੱਕ ਦੀ ਉਮਰ ਦੀ ਛੋਟ ਹੋਵੇਗੀ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ (ੲ) ਉਮੀਦਵਾਰ ਪੇਂਡੂ ਪਿਛੋਕੜ ਦਾ ਹੋਣਾ ਚਾਹੀਦਾ ਹੈ। (ਸ) ਉਮੀਦਵਾਰ ਸਭਾ ਦੇ ਦਾਇਰਾ ਕਾਰਜ ਦਾ ਨਿਵਾਸੀ ਹੋਵੇ। (ਹ) ਉਮੀਦਵਾਰ ਪੰਜਾਬੀ ਬੋਲਣਾ, ਲਿਖਣਾ ਅਤੇ ਪੜ੍ਹਨਾ ਜਾਣਦਾ ਹੋਵੇ। 2) **ਮਿਹਨਤਾਨਾ** ਮਹੀਨਾਵਾਰ ਨਿਯੁਕਤੀ ਆਰਜ਼ੀ ਤੌਰ ਤੇ ਡੀ.ਸੀ. ਰੇਟ ਉੱਤੇ ਹੋਵੇਗੀ। 3) **ਜਿੰਮੇਵਾਰੀ** ਪ੍ਰਾਰਥੀ ਵੱਲੋਂ ਮੁੱਢਲੀ ਖੇਤੀਬਾੜੀ ਸਹਿਕਾਰੀ ਸਭਾਂ ਦੇ ਹਰ ਤਰ੍ਹਾਂ ਦੇ ਕੰਮਕਾਜ ਨੂੰ ਦੇਖਣ ਦੀ ਜਿੰਮੇਵਾਰੀ ਹੋਵੇਗੀ। ਬਾਕੀ ਸ਼ਰਤਾਂ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਵੱਲੋਂ ਸਮੇਂ ਸਮੇਂ ਸਿਰ ਹੋਣ ਵਾਲੀ ਸੋਧ ਅਨੁਸਾਰ ਹੋਣਗੀਆਂ। ਉਪਰੋਕਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਪ੍ਰਾਰਥੀ ਰਜਿਸਟਰਡ ਪੋਸਟ/ ਦਸਤੀ ਰਾਹੀਂ ਆਪਣਾ ਪ੍ਰਾਰਥਨਾ ਪੱਤਰ ਜਿਸ ਵਿੱਚ ਪ੍ਰਾਰਥੀ ਦਾ ਨਾਮ, ਪਿਤਾ ਦਾ ਨਾਮ ਜਨਮ ਮਿਤੀ ਪਾਸਪੋਰਟ ਸਾਈਜ਼ ਤਸਦੀਕਸ਼ੁਦਾ ਫੋਟੋ, ਮੋਬਾਇਲ ਨੰਬਰ ਈਮੇਲ ਆਈ ਡੀ ਪੱਕਾ ਪਤਾ ਲਿਖਿਆ ਵਿਦਿਅਕ ਯੋਗਤਾ ਤਜਰਬਾ ਜੇਕਰ ਕੋਈ ਹੈ ਸਬੰਧਤ ਵਿਦਿਅਕ ਯੋਗਤਾ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਪੱਕੇ ਪਤੇ ਦਾ ਸਬੂਤ ਅਤੇ ਅਧਾਰ ਕਾਰਡ ਦੀ ਕਾਪੀ ਪ੍ਰਾਰਥਨਾ ਪੱਤਰ ਨਾਲ ਲਗਾ ਸਭਾ ਦੇ ਦਫਤਰ ਮਿਤੀ 29/07/2024 ਤੱਕ 5.00 ਵਜੇ ਤੱਕ ਭੇਜ ਸਕਦੇ ਹਨ। ਪ੍ਰਾਪਤ ਹੋਈਆਂ ਅਰਜੀਆਂ ਉਪਰ ਮਿਤੀ 02/08/2024 ਨੂੰ ਸਵੇਰ 10.00 ਵਜੇ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਉਮੀਦਵਾਰ ਆਪਣੇ ਅਸਲ ਦਸਤਾਵੇਜ਼ ਸਮੇਤ 2 ਤਸਦੀਕਸ਼ੁਦਾ ਕਾਪੀਆਂ ਨਾਲ ਲੈ ਕੇ ਪਹੁੰਚਣ।

ਨੋਟ: ਭਰਤੀ ਸਬੰਧੀ ਸਬ ਕਮੇਟੀ /ਮੈਨੇਜਮੈਂਟ ਕਮੇਟੀ ਨੂੰ ਸੋਧਿਆ ਯੋਗਤਾਵਾਂ ਅਤੇ ਮਾਪਦੰਡ ਲਾਗੂ ਕਰਨ ਦਾ ਅਧਿਕਾਰ ਹੋਵੇਗਾ ਸਬ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। 01679-223205

ਪ੍ਰਧਾਨ